# BUDHA DAL PUBLIC SCHOOL PATIALA
## First Term Examination (27 August 2025)
**Class - XI (Humanities)**
**Paper - Punjabi (Set-A)**

**Time: 3 hrs.** **MM: 80**

**ਆਮ ਨਿਰਦੇਸ਼:**

1. ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚ ਦਿੱਤੀ ਗਈ ਅੰਦਰੂਨੀ ਚੋਣ ਨੂੰ ਧਿਆਨ ਨਾਲ ਵੇਖ ਕੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ।
2. ਲਿਖਾਈ ਸਾਫ਼ ਅਤੇ ਸ਼ੁੱਧ ਲਿਖੀ ਜਾਵੇ।
3. ਸਹੀ ਪ੍ਰਸ਼ਨ ਨੰਬਰ ਲਿਖ ਕੇ ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਲਿਖਿਆ ਜਾਵੇ।

**ਅਡਵਾਂਸ ਪੜ੍ਹਨ-ਕੌਸ਼ਲ**

ਪ੍ਰ1. ਹੇਠਾਂ ਲਿਖੇ ਵਾਰਤਕ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾਂ ਪੁੱਛੇ ਗਏ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਉਹਨਾਂ ਵਿੱਚੋਂ ਚੁਣ ਕੇ ਲਿਖੋ : (5×1=5)

ਵਤਨ ਦੇ ਪਿਆਰ ਦਾ ਮੁੱਢ ਘਰ, ਮਾਂ ਭੈਣ ਤੇ ਬੱਚਿਆਂ ਦੀ ਮਾਂ ਦਾ ਗੂਹੜਾ ਮਾਦਾ ਪਰ ਅਸਗਾਹ ਜਿਹਾ ਖ਼ਜਾਨਾ ਹੈ। ਇਸ ਮੁੱਢ ਤੋਂ ਵਤਨ ਦੇ ਪਿਆਰ ਦਾ ਬਿਰਖ ਉਪਜਦਾ ਹੈ। ਜੇ ਜੜ੍ਹ ਹੀ ਨਾ ਹੋਵੇ ਤਾਂ ਜ਼ਿੰਦਗੀ ਦਾ ਫੈਲਾਓ ਕਿਸ ਭਰ੍ਹਾਂ ਹੋ ਸਕਦਾ ਹੈ ? ਘਰ ਦਾ ਡੂੰਘਾ ਪਿਆਰ ਉਹਨਾਂ ਲੋਕਾਂ ਵਿੱਚ ਪੈ ਸਕਦਾ, ਜਿਨ੍ਹਾਂ ਨੇ ਇਹ ਵਿੱਦਿਆ ਪੜ੍ਹੀ ਹੋਵੇ ਕਿ ਪੰਜ ਇੰਦਰੀਆ ਦਾ ਜੀਵਨ ਹੀ ਇੱਕ ਦੁੱਖ ਰੂਪ ਹੈ। ਘਰ ਦਾ ਤਿਆਗ ਹੀ ਆਦਰਸ਼ ਹੈ ਤੇ ਦੁੱਖ ਦੀ ਨਿਵਿਰਤੀ ਵਿੱਚ ਹੀ ਕਲਿਆਣ ਹੈ। ਜਿਹੜੇ ਇਸ ਤਰ੍ਹਾਂ ਦੀ ਫਿਲਾਸਫੀ ਦੇ ਸਿਖਾਏ ਮਜ਼ਬ ਦੇ ਅੱਡੇ ਚੜ੍ਹੇ ਉਹਨਾਂ ਨੂੰ ਘਰ ਦਾ ਮੋਹ, ਬਾਲ ਪਿਆਰ, ਮਾਂ-ਭੈਣ ਇਸਤਰੀ ਜਾਤੀ ਨੂੰ ਤ੍ਰਿਸਕਾਰ ਕਰਨ ਦੇ ਢੰਗ ਸਿਖਾਂਦੇ ਆਏ ਇੱਥੇ ਤੱਕ ਇਹ ਨਫ਼ਰਤ ਫੈਲੀ ਕਿ ਗੁਰੂ ਨਾਨਕ ਸਾਹਿਬ ਜੀ ਨੂੰ ਇਸ ਦੇ ਖਿਲਾਫ਼ ਜੰਗ ਕਰਨੀ ਪਈ। ਸਾਹਿਬ ਫਰਮਾਉਂਦੇ ਹਨ। ਭੰਡਿ ਜੰਮੀਐ ਭਾਂਡਿ ਮੰਗਣ ਵੀਆਹੁ। ਭੰਡਹੁ ਹੋਵੇ ਦੋਸਤੀ ਭੰਡਹੁ-ਚਲੈ ਭੰਡਿ ਮੁਆ ਭੰਡੁ, ਭਾਲੀਐ ਭੰਡਿ ਹੋਵੇ ਬੰਧਾਨੁ। ਸੋ ਕਿਉਂ ਮੰਦਾ ......... ਘਰ ਦਾ ਜੀਵਨ ਤੇ ਵਤਨ ਦਾ ਪਿਆਰ ਤੇ ਬੇਹੱਦ ਸਤਿਕਾਰ ਤੇ ਪਿਆਰ ਦੇ ਬਿਨਾ ਜੀਉਂਦਾ ਨਹੀਂ ਰਹਿ ਸਕਦਾ।

(i) ਵਤਨ ਦੇ ਪਿਆਰ ਮੁੱਢ ਕਿੱਥੋਂ ਬਝੱਦਾ ਹੈ ?

(ੳ) ਘਰ (ਅ) ਪਾਰਕ

(ੲ) ਸਕੂਲ (ਸ) ਸ਼ਹਿਰ

(ii) ਜੜ੍ਹ ਤੋਂ ਬਿਨਾਂ ਕਿਸ ਦਾ ਫੈਲਾਓ ਨਹੀਂ ਹੋ ਸਕਦਾ ?

(ੳ) ਪੜ੍ਹਾਈ (ਅ) ਜ਼ਿੰਦਗੀ

(ੲ) ਦੇਸ਼ (ਸ) ਇੱਜ਼ਤ

(iii) ਕਿਸ ਦੀ ਨਿਵਿਰਤੀ ਵਿੱਚ ਕਲਿਆਣ ਹੈ ?

(ੳ) ਦੁੱਖ (ਅ) ਸੁਖ

(ੲ) ਪਿਆਰ (ਸ) ਜੰਗ

(iv) ਨਫ਼ਰਤ ਦੇ ਖਿਲਾਫ਼ ਜੰਗ ਕਿਸ ਗੁਰੂ ਨੇ ਲੜੀ ?

(ੳ) ਸ੍ਰੀ ਗੁਰੂ ਅਰਜਨ ਦੇਵ ਜੀ (ਅ) ਸ੍ਰੀ ਗੁਰੂ ਅੰਗਦ ਦੇਵ ਜੀ

(ੲ) ਸ੍ਰੀ ਗੁਰੂ ਹਰਿਰਾਏ ਜੀ (ਸ) ਸ੍ਰੀ ਗੁਰੂ ਅੰਗਦ ਦੇਵ ਜੀ

(v) ਪੰਜ ਇੰਦਰੀਆਂ ਦਾ ਜੀਵਨ ਕਿਸ ਦਾ ਰੂਪ ਹੈ ?

(ੳ) ਸੁਖ ਦਾ (ਅ) ਦੁੱਖ ਦਾ

(ੲ) ਸੰਜਮ ਦਾ (ਸ) ਪਿਆਰ ਦਾ

Scanned with OKEN Scanner

**ਲਿਖਣ-ਕੌਸ਼ਲ**

**ਪ੍ਰ2.** ਪੰਜਾਬ ਦੇ ਕਿਸੇ ਜ਼ਿਲ੍ਹੇ ਵਿੱਚ ਹੜ੍ਹਾਂ ਕਾਰਨ ਹੋਏ ਨੁਕਸਾਨ ਦੀ ਸਮੱਸਿਆ ਸੰਬੰਧੀ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ। (8)

**ਜਾਂ**

ਕਿਸੇ ਰੋਜ਼ਾਨਾ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖ ਕੇ ਵਿਦੇਸ਼ ਭੇਜਣ ਦੇ ਝਾਂਸੇ ਹੇਠ ਠੱਗੀ ਮਾਰਨ ਵਾਲਿਆਂ ਵਿਰੁੱਧ ਕਾਰਵਾਈ ਦੀ ਮੰਗ ਕਰੋ।

**ਪ੍ਰ3. ਹੇਠਾਂ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ 150 ਸ਼ਬਦਾਂ ਦਾ ਇੱਕ ਪੈਰਾ ਲਿਖੋ:** (10)

ਵਕਤ ਦੀ ਪਾਬੰਦੀ **ਜਾਂ** ਵਾਤਾਵਰਨ ਦੀ ਸੰਭਾਲ

**ਪ੍ਰ4. ਕਿਸੇ ਛੇ ਸ਼ਬਦਾਂ ਦੇ ਸਮਾਨਾਰਥੀ ਪੰਜਾਬੀ ਸ਼ਬਦ ਲਿਖੋ:** (6)

Pay Scale, Resignation, Maintenance allowance, Increment, Estimate, Designation, Confidential, Auction

**ਪ੍ਰ5. ਕਿਸੇ ਚਾਰ ਵਾਕਾਂ ਦਾ ਪੰਜਾਬੀ ਵਿੱਚ ਅਨੁਵਾਦ ਕਰੋ:** (2×4=8)

ੳ) Address must be written on this side only.

ਅ) In case of emergency pull chain.

ੲ) Payment can be made in cash or by cheque.

ਸ) Railway is a public property, help to maintain it.

ਹ) Use block letters for filling in the money order form.

ਕ) Please count the cheques contained here in before use.

**ਵਿਆਕਰਨ**

**ਪ੍ਰ6. ਹੇਠ ਲਿਖੇ ਮੁਹਾਵਰਿਆਂ ਵਿੱਚੋਂ ਛੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਅਰਥ ਸਪਸ਼ਟ ਹੋ ਜਾਣ:**

ਘਿਓ-ਸ਼ੱਕਰ ਹੋਣਾ, ਖੰਭ ਲਾ ਕੇ ਉੱਡ ਜਾਣਾ, ਕਲਮ ਦੇ ਧਨੀ ਹੋਣਾ, ਹੱਥ ਉੱਤੇ ਹੱਥ ਧਰ ਕੇ ਬਹਿਣਾ, ਉੱਚਾ ਸਾਹ ਨਾ ਕੱਢਣਾ, ਅਸਮਾਨ ਨੂੰ ਟਾਕੀਆਂ ਲਾਉਣੀਆਂ, ਗੱਚ ਹੋਣਾ, ਚੱਟਮ ਕਰ ਜਾਣਾ (6)

**ਪ੍ਰ7.** ਤੁਹਾਡੇ ਪਿੰਡ 'ਚ ਖੇਡ ਮੇਲਾ ਕਰਵਾਇਆ ਜਾ ਰਿਹਾ ਹੈ। ਉਸ ਸੰਬੰਧੀ ਸੱਦਾ-ਪੱਤਰ ਲਿਖੋ। (8)

**ਜਾਂ**

ਸਰਕਾਰੀ ਨੌਕਰੀ ਕਰਦੀ ਲੜਕੀ ਲਈ ਵਰ ਦੀ ਲੋੜ ਬਾਰੇ ਇਸ਼ਤਿਹਾਰ ਲਿਖੋ।

**ਪਾਠ-ਪੁਸਤਕਾਂ 'ਤੇ ਅਧਾਰਿਤ**

**ਪ੍ਰ8. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਨੌਂ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਵਿੱਚ ਦਿਓ:** (1×9=9)

ੳ) ਸਲਵਾਨ ਕਿੱਥੋਂ ਦਾ ਰਾਜਾ ਸੀ?

ਅ) ਕੋਕਲਾਂ ਕਿਸ ਦੀ ਧੀ ਸੀ?

ੲ) ਦੁੱਲੇ ਦੇ ਚਾਚੇ ਦਾ ਨਾਂ ਕੀ ਸੀ?



Scanned with OKEN Scanner

ਪ੍ਰਸ਼ਨ

ਸ) ਬੁਝਾਰਤਾਂ ਪੁੱਛਣ ਦਾ ਸਮਾਂ ਕਿਹੜਾ ਹੁੰਦਾ ਹੈ?

ਹ) ਬੁਝਾਰਤ ਦਾ ਉੱਤਰ ਕਿੱਥੇ ਲੁਕਿਆ ਹੁੰਦਾ ਹੈ?

ਕ) ਚਰਖੇ ਦੀ ਘੂਕ ਸੁਣ ਕੇ ਕੌਣ ਪਹਾੜੋਂ ਉਤਰ ਆਇਆ?

ਖ) ਟੱਪੇ ਅਨੁਸਾਰ ਅਜੋਕੀ ਕੁੜੀਬਾਬਲ ਤੋਂ ਦਾਜ ਦੀ ਥਾਂ ਕੀ ਮੰਗਦੀ ਹੈ?

ਗ) ਮੁਟਿਆਰ ਪਰਦੇਸਣ ਬਣ ਕੇ ਕਿੱਥੇ ਜਾ ਰਹੀ ਹੈ?

ਘ) ਕੁੜੀ ਸਹੁਰੇ-ਘਰ ਵਿੱਚ ਡੱਬੇ ਕਿਸ ਚੀਜ਼ ਨਾਲ ਭਰੇ ਦੇਖਣੇ ਚਾਹੁੰਦੀ ਹੈ?

ਙ) ਸਿੱਠਣੀਆਂ ਵਿੱਚ ਕਿਸ ਕੰਮ ਲਈ ਪਿੰਡ ਵਾਸੀਆਂ ਨੂੰ ਪੈਸਾ-ਪੈਸਾ ਪਾਉਣ ਲਈ ਕਿਹਾ ਗਿਆ ਹੈ?

ਚ) ਸਿੱਠਣੀ ਵਿੱਚ ਲਾਡਲੀ ਬੀਬੀ ਰੋਟੀ ਪਿੱਛੋਂ ਕੀ ਮੰਗਦੀ ਦੱਸੀ ਗਈ ਹੈ?

**ਪ੍ਰ9. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ:** (4×2=8)

ੳ) 'ਚੜ੍ਹ ਚੁਬਾਰੇ ਸੁੱਤਿਆਂ' ਸੁਹਾਗ ਵਿੱਚ ਭਾਬੋ ਦੇ ਮਨ ਵਿੱਚ ਚਾਅ ਕਿਉਂ ਹੈ?

ਅ) ਸਿੱਠਣੀ ਵਿੱਚ ਮੁੰਡੇ ਵਾਲਿਆਂ ਵੱਲੋਂ ਕੁੜੀ ਲਈ ਲਿਆਂਦੇ ਗਹਿਣਿਆਂ ਬਾਰੇ ਕੀ ਕਿਹਾ ਗਿਆ ਹੈ?

ੲ) 'ਨਹੀਓਂ ਲੱਭਣੇ ਲਾਲ ਗੁਆਚੇ, ਮਿੱਟੀ ਨਾ ਫਰੋਲ ਜੋਗੀਆ'। ਇਸ ਟੱਪੇ ਵਿੱਚ ਆਏ ਭਾਵਾਂ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

ਸ) ਬਾਸ਼ਕ ਨਾਗ ਰਾਜਾ ਰਸਾਲੂ ਦਾ ਮਿੱਤਰ ਕਿਵੇਂ ਬਣ ਗਿਆ?

ਹ) ਲਾਹੌਰ ਦੇ ਹਾਕਮ ਦੁੱਲੇ ਤੋਂ ਕਿਉਂ ਪਰੇਸ਼ਾਨ ਸਨ?

**ਪ੍ਰ10. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਪ੍ਰਸ਼ਨਾਂ ਦੇ ਉੱਤਰ 40-50 ਸ਼ਬਦਾਂ ਵਿੱਚ ਦਿਓ:** (4×3=12)

ੳ) 'ਦੇਈਂ ਦੇਈਂ ਵੇ ਬਾਬਲਾ' ਸੁਹਾਗ ਵਿੱਚ ਕੁੜੀ ਦੀ ਇੱਕ ਖੁਸ਼ਹਾਲ ਘਰ ਬਾਰੇ ਕੀ ਕਲਪਨਾ ਹੈ?

ਅ) 'ਸਿੱਠਣੀਆਂ' ਵਿੱਚ ਮਜ਼ਾਕ ਦਾ ਪਾਤਰ ਕੌਣ-ਕੌਣ ਬਣਦਾ ਹੈ?

ੲ) ਪਾਠ-ਪੁਸਤਕ ਅਧਾਰਿਤ ਪੰਜਾਬੀ ਦੇ ਟੱਪਿਆਂ ਵਿੱਚ ਕਿਹੜੇ-ਕਿਹੜੇ ਰਿਸ਼ਤੇ ਆਏ ਹਨ?

ਸ) ਲੂਣਾ ਨੇ ਆਪਣੇ ਗੁਨਾਹ ਦਾ ਇਕਬਾਲ ਕਦੋਂ ਅਤੇ ਕਿਵੇਂ ਕੀਤਾ?

ਹ) ਰਾਜਾ ਰਸਾਲੂ ਨੇ ਰਾਜਾ ਸਿਰਕੱਪ ਨੂੰ ਕਿਵੇਂ ਹਰਾਇਆ?

Scanned with OKEN Scanner